## ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਪੀੜਤ ਦੀ ਕੀ ਭੂਮਿਕਾ ਹੈ?

ਹਾਲਾਂਕਿ ਇੱਕ ਪੀੜਤ ਅਪਰਾਧਿਕ ਕਾਰਵਾਈ ਵਿੱਚ ਇੱਕ ਧਿਰ ਨਹੀਂ ਹੈ, ਉਨ੍ਹਾਂ ਦੀ ਅਪਰਾਧਿਕ ਨਿਆਂ ਪ੍ਰਕਿਰਿਆ ਵਿੱਚ ਮਹੱਤਵਪੂਰਣ ਭੂਮਿਕਾ ਹੈ ਅਤੇ ਉਨ੍ਹਾਂ ਦੀ ਗਵਾਹੀ ਦੋਸ਼ੀ ਦੇ ਵਿਰੁੱਧ ਸਰਕਾਰੀ ਵਕੀਲ ਦੇ ਕੇਸ ਦਾ ਇੱਕ ਬਹੁਤ ਮਹੱਤਵਪੂਰਨ ਹਿੱਸਾ ਹੈ।

## ਸੀਮਾਵਾਂ

ਇਹ ਅਧਿਕਾਰ ਵਾਜਬ ਤਰੀਕੇ ਨਾਲ ਲਾਗੂ ਕੀਤੇ ਜਾਣਾ ਜ਼ਰੂਰੀ ਹੈ ਤਾਂ ਜੋ ਉਨ੍ਹਾਂ ਦੀ ਜਾਂਚ ਜਾਂ ਮੁਕੱਦਮੇ ਵਿੱਚ ਦਖਲ ਦੇਣ, ਕਿਸੇ ਦੀ ਜਾਨ ਜਾਂ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਜਾਂ ਰਾਸ਼ਟਰੀ ਸੁਰੱਖਿਆ ਵਰਗੇ ਰਾਸ਼ਟਰੀ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਨਾ ਹੋਵੇ।

## ਜੇ ਮੈਨੂੰ ਮੇਰੇ ਅਧਿਕਾਰਾਂ ਨੂੰ ਸਮਝਣ ਵਿੱਚ ਸਹਾਇਤਾ ਦੀ ਲੋੜ ਹੋਵੇ ਤਾਂ ਮੈਂ ਕਿੱਥੇ ਜਾ ਸਕਦਾ/ਦੀ ਹਾਂ?

ਜੇ ਤੁਹਾਨੂੰ ਅਪਰਾਧ ਦੇ ਸ਼ਿਕਾਰ ਵਜੋਂ ਆਪਣੇ ਅਧਿਕਾਰਾਂ ਨੂੰ ਸਮਝਣ ਵਿੱਚ ਮਦਦ ਦੀ ਲੋੜ ਹੈ, ਤਾਂ ਤੁਸੀਂ ਆਪਣੇ ਖੇਤਰ ਵਿੱਚ ਕਿਸੇ ਵਿਕਟਿਮ ਸਰਵਿਸ ਨਾਲ ਸੰਪਰਕ ਕਰਨਾ ਚਾਹ ਸਕਦੇ ਹੋ। ਵਿਕਟਿਮ ਸਰਵਿਸਿਜ਼ ਅਪਰਾਧ ਦੇ ਪੀੜਤਾਂ ਨੂੰ ਸਹਾਇਤਾ ਅਤੇ ਸਾਧਨ ਮੁਹੱਈਆ ਕਰ ਸਕਦੀਆਂ ਹਨ। ਉਹ ਕਿਸੇ ਅਪਰਾਧ ਤੋਂ ਬਾਅਦ ਹੋਣ ਵਾਲੀਆਂ ਤੁਹਾਡੀਆਂ ਸੁਰੱਖਿਆ ਚਿੰਤਾਵਾਂ ਦਾ ਜਵਾਬ ਦੇ ਸਕਦੇ ਹਨ ਅਤੇ ਤੁਹਾਨੂੰ ਅਪਰਾਧਿਕ ਨਿਆਂ ਪ੍ਰਣਾਲੀ ਬਾਰੇ ਜਾਣਕਾਰੀ ਵੀ ਦੇ ਸਕਦੇ ਹਨ।

### ਆਪਣੇ ਨੇੜੇ ਕਿਸੇ ਵਿਕਟਿਮ ਸਰਵਿਸਿਜ਼ ਦੀ ਖੋਜ ਕਰਨ ਲਈ, ਜਸਟਿਸ ਕੈਨੇਡਾ ਦੀ ਵੈਬਸਾਈਟ 'ਤੇ ਸਥਿਤ ਵਿਕਟਿਮ ਸਰਵਿਸਿਜ਼ ਡਾਇਰੈਕਟਰੀ ਦੀ ਵਰਤੋਂ ਕਰੋ:

justice.gc.ca/eng/cj-jp/victims-victimes/vsd-rsv/index.html

## ਸਾਧਨ

ਆਪਣੇ ਇੰਨ੍ਹਾਂ ਸਥਾਨਕ ਜਾਂ ਨਜ਼ਦੀਕੀ ਨਾਲ ਸੰਪਰਕ ਕਰਨਾ ਵੀ ਮਦਦਗਾਰ ਹੋ ਸਕਦਾ ਹੈ:

ਪੁਲਿਸ ਸੇਵਾਵਾਂ

ਅਦਾਲਤ

ਕਰਾਊਨ ਪ੍ਰੌਸੀਕਿਟਰ ਦਾ ਦਫਤਰ

ਕਮਿਊਨਿਟੀ ਜਾਂ ਸਟੂਡੈਂਟ ਲੀਗਲ ਏਡ ਕਲੀਨਿਕ।

ਤੁਸੀਂ ਹੋਰ ਜਾਣਕਾਰੀ ਦੇ ਲਈ
Canada.ca/victims
ਵੀ ਦੇਖ ਸਕਦੇ ਹੋ।

© ਕੈਨੇਡਾ ਦੇ ਅਧਿਕਾਰ ਵਿੱਚ ਮਹਾਰਾਣੀ, ਜਿਹਨਾਂ ਦੀ ਕੈਨੇਡਾ ਦੇ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ ਦੁਆਰਾ ਨੁਮਾਇੰਦਗੀ ਕੀਤੀ ਗਈ, 2015

ISBN 978-0-660-44826-8
Cat. No. J2-425/2023Pan-PDF

Government of Canada | Gouvernement du Canada

# ਕੈਨੇਡਾ ਵਿੱਚ ਪੀੜਤਾਂ ਦੇ ਅਧਿਕਾਰ

*ਕਨੇਡੀਅਨ ਵਿਕਟਿਮਸ ਬਿੱਲ ਆਫ ਰਾਈਟਸ* ਦੇ ਅਧੀਨ ਜਾਣਕਾਰੀ, ਸੁਰੱਖਿਆ, ਭਾਗੀਦਾਰੀ ਅਤੇ ਨੁਕਸਾਨ ਦੀ ਭਰਪਾਈ ਦੀ ਮੰਗ ਕਰਨ ਦੇ ਤੁਹਾਡੇ ਅਧਿਕਾਰ!

Canada

## ਪੀੜਤ ਦੇ ਅਧਿਕਾਰ ਕਿਸ ਕੋਲ ਹਨ?

*ਕਨੇਡੀਅਨ ਵਿਕਟਿਮਸ ਬਿੱਲ ਆਫ਼ ਰਾਈਟਸ* (CVBR) ਇੱਕ ਪੀੜਤ ਨੂੰ ਇੱਕ ਅਜਿਹੇ ਵਿਅਕਤੀ ਵਜੋਂ ਪਰਿਭਾਸ਼ਤ ਕਰਦਾ ਹੈ ਜਿਸਨੂੰ ਕੈਨੇਡਾ ਵਿੱਚ ਕੀਤੇ ਗਏ ਅਪਰਾਧ ਦੇ ਨਤੀਜੇ ਵਜੋਂ ਸਰੀਰਕ ਜਾਂ ਭਾਵਾਤਮਕ ਨੁਕਸਾਨ, ਆਰਥਿਕ ਨੁਕਸਾਨ ਜਾਂ ਸੰਪਤੀ ਦਾ ਨੁਕਸਾਨ ਹੋਇਆ ਹੈ।

ਸਾਰੇ ਪੀੜਤ CVBR ਦੇ ਅਧੀਨ ਆਪਣੇ ਅਧਿਕਾਰਾਂ ਦੀ ਵਰਤੋਂ ਕਰ ਸਕਦੇ ਹਨ ਜਦੋਂ ਉਹ ਕੈਨੇਡਾ ਵਿੱਚ ਹੁੰਦੇ ਹਨ। ਕੈਨੇਡੀਅਨ ਨਾਗਰਿਕ ਜਾਂ ਸਥਾਈ ਵਸਨੀਕ ਇਨ੍ਹਾਂ ਅਧਿਕਾਰਾਂ ਦੀ ਵਰਤੋਂ ਕਰ ਸਕਦੇ ਹਨ ਭਾਵੇਂ ਉਹ ਕੈਨੇਡਾ ਤੋਂ ਬਾਹਰ ਹੋਣ, ਜਿੰਨਾ ਚਿਰ ਅਪਰਾਧ ਕੈਨੇਡਾ ਵਿੱਚ ਹੋਇਆ ਹੋਵੇ।

ਜੇ ਕਿਸੇ ਪੀੜਤ ਦੀ ਮੌਤ ਹੋ ਗਈ ਹੈ ਜਾਂ ਉਹ ਆਪਣੀ ਤਰਫੋਂ ਕਾਰਵਾਈ ਕਰਨ ਵਿੱਚ ਅਸਮਰੱਥ ਹੈ, ਤਾਂ ਹੇਠ ਲਿਖੇ ਲੋਕ ਪੀੜਤ ਦੀ ਤਰਫੋਂ ਕਾਰਵਾਈ ਕਰ ਸਕਦੇ ਹਨ:

- ਪੀੜਤ ਦਾ ਪਤੀ/ਪਤਨੀ/ਜੀਵਨ ਸਾਥੀ
- ਉਹ ਵਿਅਕਤੀ ਜੋ ਅਪਰਾਧ ਦੇ ਸਮੇਂ ਘੱਟੋ ਘੱਟ ਇੱਕ ਸਾਲ ਤੋਂ ਪੀੜਤ ਦੇ ਨਾਲ ਉਨ੍ਹਾਂ ਦੇ ਕਾਮਨ ਲਾਅ ਸਾਥੀ ਵਜੋਂ ਰਹਿ ਰਿਹਾ ਸੀ
- ਪੀੜਤ ਦਾ ਰਿਸ਼ਤੇਦਾਰ ਜਾਂ ਉਸ ਤੇ ਨਿਰਭਰ ਕਰਨ ਵਾਲਾ ਵਿਅਕਤੀ
- ਕੋਈ ਵੀ ਵਿਅਕਤੀ ਜਿਸਦੇ ਕੋਲ ਪੀੜਤ ਜਾਂ ਪੀੜਤ ਦੇ ਆਸ਼ਰਿਤ ਦੀ ਕਸਟਡੀ ਹੈ।

# ਅਪਰਾਧ ਦੇ ਪੀੜਤ ਵਜੋਂ ਤੁਹਾਡੇ ਅਧਿਕਾਰ

### ਜਾਣਕਾਰੀ ਦਾ ਅਧਿਕਾਰ

ਤੁਹਾਨੂੰ, ਬੇਨਤੀ ਕਰਨ ਤੇ, ਅਪਰਾਧਿਕ ਨਿਆਂ ਪ੍ਰਣਾਲੀ ਅਤੇ ਇਸ ਵਿੱਚ ਤੁਹਾਡੀ ਭੂਮਿਕਾ ਅਤੇ ਉਪਲਬਧ ਪੀੜਤ ਸੇਵਾਵਾਂ ਅਤੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਹੈ। ਤੁਹਾਡੇ ਕੋਲ, ਬੇਨਤੀ ਕਰਨ ਤੇ, ਮਾਮਲੇ ਦੀ ਪ੍ਰਗਤੀ ਬਾਰੇ ਵਿਸ਼ੇਸ਼ ਜਾਣਕਾਰੀ, ਜਿਸ ਵਿੱਚ ਜਾਂਚ, ਮੁਕੱਦਮੇ, ਅਤੇ ਤੁਹਾਨੂੰ ਨੁਕਸਾਨ ਪਹੁੰਚਾਉਣ ਵਾਲੇ ਵਿਅਕਤੀ ਦੀ ਸਜ਼ਾ, ਅਤੇ ਅਜਿਹੇ ਦੋਸ਼ੀ ਬਾਰੇ ਜਾਣਕਾਰੀ ਸ਼ਾਮਲ ਹੈ ਜਿਸ ਨੂੰ ਮਾਨਸਿਕ ਵਿਗਾੜ ਦੇ ਕਾਰਨ ਮੁਕੱਦਮਾ ਚਲਾਉਣ ਦੇ ਅਯੋਗ ਜਾਂ ਅਪਰਾਧਿਕ ਤੌਰ ਤੇ ਜ਼ਿੰਮੇਵਾਰ ਨਹੀਂ ਪਾਇਆ ਗਿਆ ਹੈ, ਜਦੋਂ ਉਹ ਵਿਅਕਤੀ ਅਦਾਲਤ ਜਾਂ ਰੀਵਿਊ ਬੋਰਡ ਦੇ ਅਧਿਕਾਰ ਖੇਤਰ ਵਿੱਚ ਹੁੰਦਾ ਹੈ।

### ਸੁਰੱਖਿਆ ਦਾ ਅਧਿਕਾਰ

ਤੁਹਾਨੂੰ ਅਪਰਾਧਿਕ ਨਿਆਂ ਪ੍ਰਕਿਰਿਆ ਦੇ ਸਾਰੇ ਪੜਾਵਾਂ 'ਤੇ ਆਪਣੀ ਸੁਰੱਖਿਆ ਅਤੇ ਗੋਪਨੀਯਤਾ 'ਤੇ ਵਿਚਾਰ ਕੀਤੇ ਜਾਣ, ਤੁਹਾਨੂੰ ਧਮਕਾਏ ਜਾਣ ਅਤੇ ਬਦਲਾ ਲਏ ਜਾਣ ਤੋਂ ਬਚਾਉਣ ਲਈ ਉਚਿਤ ਅਤੇ ਲੋੜੀਂਦੇ ਉਪਾਅ ਕੀਤੇ ਜਾਣ, ਤੁਹਾਡੀ ਪਛਾਣ ਨੂੰ ਜਨਤਕ ਖੁਲਾਸੇ ਤੋਂ ਸੁਰੱਖਿਅਤ ਰੱਖਣ ਲਈ ਬੇਨਤੀ ਕਰਨ ਅਤੇ ਗਵਾਹ ਵਜੋਂ ਪੇਸ਼ ਹੁੰਦੇ ਸਮੇਂ ਗਵਾਹੀ ਸੰਬੰਧੀ ਸਹਾਇਤਾਵਾਂ ਲਈ ਬੇਨਤੀ ਕਰਨ ਦਾ ਅਧਿਕਾਰ ਹੈ।

### ਭਾਗੀਦਾਰੀ ਦਾ ਅਧਿਕਾਰ

ਤੁਹਾਨੂੰ ਅਪਰਾਧਿਕ ਨਿਆਂ ਪੇਸ਼ੇਵਰਾਂ ਦੁਆਰਾ ਲਏ ਜਾਣ ਵਾਲੇ ਫੈਸਲਿਆਂ ਬਾਰੇ ਆਪਣੇ ਵਿਚਾਰ ਦੱਸਣ ਦਾ ਅਧਿਕਾਰ ਹੈ ਜੋ CVBR ਦੇ ਅਧੀਨ ਤੁਹਾਡੇ ਅਧਿਕਾਰਾਂ ਨੂੰ ਪ੍ਰਭਾਵਤ ਕਰਦੇ ਹਨ। ਤੁਹਾਨੂੰ ਅਪਰਾਧ ਦੇ ਤੁਹਾਡੇ ਉੱਤੇ ਪਏ ਪ੍ਰਭਾਵ ਦਾ ਵਰਣਨ ਕਰਨ ਲਈ ਪੀੜਤ ਪ੍ਰਭਾਵ ਬਿਆਨ ਪੇਸ਼ ਕਰਨ ਅਤੇ ਤੁਹਾਡੇ ਬਿਆਨ 'ਤੇ ਵਿਚਾਰ ਕੀਤੇ ਜਾਣ ਦਾ ਅਧਿਕਾਰ ਵੀ ਹੈ।

### ਨੁਕਸਾਨ ਦੀ ਭਰਪਾਈ (restitution) ਦੀ ਮੰਗ ਕਰਨ ਦਾ ਅਧਿਕਾਰ

ਤੁਹਾਡੇ ਕੋਲ ਅਧਿਕਾਰ ਹੈ ਕਿ ਅਦਾਲਤ ਅਪਰਾਧ ਦੇ ਕਾਰਨ ਹੋਏ ਖਾਸ ਵਿੱਤੀ ਨੁਕਸਾਨਾਂ ਦੇ ਲਈ ਅਪਰਾਧੀ ਦੇ ਵਿਰੁੱਧ ਨੁਕਸਾਨ ਦੀ ਭਰਪਾਈ ਦੇ ਆਦੇਸ਼ ਦੇਣ ਬਾਰੇ ਵਿਚਾਰ ਕਰੇ। ਤੁਹਾਡੇ ਕੋਲ ਭੁਗਤਾਨ ਨਾ ਕੀਤੇ ਗਏ ਨੁਕਸਾਨ ਦੀ ਭਰਪਾਈ ਦੇ ਆਦੇਸ਼ ਨੂੰ ਲਾਗੂ ਕੀਤੇ ਜਾ ਸਕਣ ਵਾਲੇ ਸਿਵਲ ਕਰਜ਼ੇ ਦੀ ਤਰ੍ਹਾਂ ਦਰਜ ਕਰਨ ਦਾ ਅਧਿਕਾਰ ਵੀ ਹੈ।

### ਸ਼ਿਕਾਇਤ ਕਰਨ ਦਾ ਅਧਿਕਾਰ

ਜੇ ਤੁਸੀਂ ਮੰਨਦੇ ਹੋ ਕਿ ਸੰਘੀ ਵਿਭਾਗ ਜਾਂ ਏਜੰਸੀ ਦੁਆਰਾ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ ਜਾਂ ਉਨ੍ਹਾਂ ਤੋਂ ਇਨਕਾਰ ਕੀਤਾ ਗਿਆ ਹੈ ਤਾਂ ਤੁਹਾਨੂੰ ਉਸ ਵਿਭਾਗ ਜਾਂ ਏਜੰਸੀ ਵਿੱਚ ਸ਼ਿਕਾਇਤ ਪ੍ਰਣਾਲੀਆਂ ਦੀ ਵਰਤੋਂ ਕਰਕੇ ਸ਼ਿਕਾਇਤ ਕਰਨ ਦਾ ਅਧਿਕਾਰ ਹੈ।

## ਪੀੜਤ ਦੇ ਅਧਿਕਾਰ ਕਦੋਂ ਲਾਗੂ ਹੁੰਦੇ ਹਨ?

ਅਪਰਾਧਿਕ ਪ੍ਰਕਿਰਿਆ ਦੇ ਸਾਰੇ ਪੜਾਵਾਂ 'ਤੇ ਪੀੜਤਾਂ ਦੇ ਅਧਿਕਾਰ ਹਨ, ਜਿਸ ਵਿੱਚ ਸ਼ਾਮਲ ਹਨ:

- ਜਦੋਂ ਕਿਸੇ ਅਪਰਾਧ ਦੀ ਜਾਂਚ ਕੀਤੀ ਜਾ ਰਹੀ ਹੋਵੇ ਜਾਂ ਮੁਕੱਦਮਾ ਚਲਾਇਆ ਜਾ ਰਿਹਾ ਹੋਵੇ
- ਜਦੋਂ ਅਪਰਾਧੀ ਸੁਧਾਰ (corrections) ਜਾਂ ਸ਼ਰਤਾਂ ਤੇ ਅਧਾਰਤ ਰਿਹਾਈ ਪ੍ਰਕਿਰਿਆ ਦੇ ਅਧੀਨ ਹੁੰਦਾ ਹੈ
- ਜਦੋਂ ਦੋਸ਼ੀ ਅਦਾਲਤ ਜਾਂ ਰੀਵਿਊ ਬੋਰਡ ਦੇ ਅਧਿਕਾਰ ਖੇਤਰ ਦੇ ਅਧੀਨ ਹੁੰਦਾ ਹੈ ਜੇ ਉਸ ਨੂੰ ਮਾਨਸਿਕ ਵਿਗਾੜ ਕਾਰਨ ਮੁਕੱਦਮਾ ਚਲਾਉਣ ਦੇ ਅਯੋਗ ਜਾਂ ਅਪਰਾਧਿਕ ਤੌਰ ਤੇ ਜ਼ਿੰਮੇਵਾਰ ਨਹੀਂ ਪਾਇਆ ਜਾਂਦਾ ਹੈ।